**ਪੰਜਾਬ ਸਕੂਲ ਸਿੱਖਿਆ ਬੋਰਡ**

**ਸਾਲ/ਸੈਸ਼ਨ 2018-19 ਲਈ ਦੂਜੇ ਰਾਜ/ਬੋਰਡਾਂ ਤੋਂ ਆਏ ਵਿਦਿਆਰਥੀਆਂ ਦੇ ਦੱਸਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਰਜਿਸਟਰੇਸ਼ਨ ਨੰਬਰ ਲਗਵਾਉਣ ਸਬੰਧੀ।**

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਰਾਜ ਦੇ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਲ/ਸੈਸ਼ਨ 2017-18 ਵਿੱਚ ਜਿਹੜੇ ਵਿਦਿਆਰਥੀ ਦੂਜੇ ਰਾਜ/ਬੋਰਡ ਤੋਂ ਨੌਵੀਂ/ ਗਿਆਰਵੀਂ ਸ਼੍ਰੇਣੀ ਪਾਸ ਕਰਕੇ ਆਏ ਸਨ ਅਤੇ ਉਹਨਾਂ ਦੀ 2018-19 ਲਈ ਦੱਸਵੀਂ ਸ਼੍ਰੇਣੀ (M2 ਫਾਰਮ), ਬਾਰ੍ਹਵੀਂ ਸ਼੍ਰੇਣੀ (T2 ਫਾਰਮ) ਵਿੱਚ ਆਨ-ਲਾਈਨ ਐਂਟਰੀ ਕੀਤੀ ਹੈ। ਜਿਹਨਾਂ ਵਿਦਿਆਰਥੀਆਂ ਦੇ ਦਸਤਾਵੇਜ਼ ਫਾਰਮ ਅਨੁਸਾਰ ਸਹੀ ਸਨ, ਉਹਨਾਂ ਨੂੰ ਆਨ-ਲਾਈਨ ਰਜਿਸਟਰੇਸ਼ਨ ਨੰਬਰ ਲਗਾ ਦਿੱਤੇ ਗਏ ਹਨ, ਪ੍ਰੰਤੂ ਜਿਹਨਾਂ ਵਿਦਿਆਰਥੀਆਂ ਦੇ ਦਸਤਾਵੇਜ਼ ਸਹੀ ਨਹੀਂ ਸਨ, ਉਹਨਾਂ ਨੂੰ ਫਾਰਮ ਅਨੁਸਾਰ ਆਨ-ਲਾਈਨ ਤਰੁੱਟੀਆਂ ਲਗਾ ਦਿੱਤੀਆਂ ਗਈਆਂ ਹਨ। **ਸਕੂਲ ਮੁੱਖੀ School Login ਕਰਨ ਉਪਰੰਤ " Registration Portal ਦੇ ਅੰਦਰ Other Board RegNo. " ਦੇ link ਤੇ ਕਲਿੱਕ ਕਰਕੇ error ਚੈੱਕ ਕਰ ਸਕਦੇ ਹਨ।** ਦੱਸਵੀਂ/ ਬਾਰ੍ਹਵੀਂ ਸ਼੍ਰੇਣੀ ਲਈ ਜਿਹੜੇ ਵਿਦਿਆਰਥੀਆਂ ਦੇ ਰਜਿਸਟਰੇਸ਼ਨ ਨੰਬਰ ਦਸਤਾਵੇਜ਼ ਸਹੀ ਨਾ ਹੋਣ ਕਾਰਨ ਨਹੀਂ ਲੱਗੇ ਹਨ, ਉਹ ਆਨ-ਲਾਈਨ ਲੱਗੀਆਂ ਤਰੁੱਟੀਆਂ ਅਨੁਸਾਰ ਤੁਰੰਤ ਰਜਿਸਟਰੇਸ਼ਨ ਸ਼ਾਖਾ ਵਿੱਚ ਮਿਤੀ 16/01/2019 ਤੱਕ ਦਸਤਾਵੇਜ਼ ਭੇਜ ਕੇ ਰਜਿਸਟਰੇਸ਼ਨ ਨੰਬਰ ਲਗਵਾਉਣ। **ਸਮੇਂ-ਸਿਰ ਰਜਿਸਟਰੇਸ਼ਨ ਨੰਬਰ ਨਾ ਲੱਗਣ ਦੀ ਸੂਰਤ ਵਿੱਚ ਪ੍ਰੀਖਿਆ ਸ਼ਾਖਾ ਵੱਲੋਂ ਉਹਨਾਂ ਨੂੰ ਦੱਸਵੀਂ/ ਬਾਰ੍ਹਵੀਂ ਸ਼੍ਰੇਣੀ ਲਈ ਰੋਲ ਨੰਬਰ ਜਾਰੀ ਨਹੀਂ ਹੋਣਗੇ। ਦੇਰੀ ਦੀ ਸਮੂਹ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।**

ਸਹੀ/-

ਡਾਇਰੈਕਟਰ (ਕੰਪਿ: ਸੈੱਲ)